Kind Attention — Mr. Pardeep

SABs

ਨੰ:5/44/2012-5ਵਿਪਪਤ/758

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸਨ ਪਾਲਿਸੀ ਅਤੇ ਤਾਲਮੇਲ ਸਾਖਾ)

ਮਿਤੀ, ਚੰਡੀਗੜ੍ਹ: 9/7/12

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸਨਰ,
ਜਿਲ੍ਹਾ ਤੇ ਸੈਸਨ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ ।

1821 19/7/12

ਵਿਸ਼ਾ:- ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆ (Public Sector Undertakings) ਅਤੇ ਖੁਦ ਮੁਖਤਿਆਰ ਅਦਾਰਿਆਂ (Autonomous Bodies) ਵਿੱਚ ਨਵੀਂ ਡਿਫਾਈਂਡ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਕਰਨ ਸਬੰਧੀ ।

****

ਸ੍ਰੀਮਾਨ ਜੀ,

ਉਪਰੋਕਤ ਵਿਸੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੀ ਨੋਟੀਫਿਕੇਸਨ ਨੰ:8/1/2004-3ਐਫ.ਪੀ.2/2078, ਮਿਤੀ 2 ਮਾਰਚ, 2004 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਨਿਯਮ 1.2 ਅਧੀਨ ਉਪਬੰਧ ਕੀਤਾ ਗਿਆ ਸੀ ਕਿ ਮਿਤੀ 01.04.2004 ਤੋਂ ਬਾਅਦ ਪੰਜਾਬ ਸਰਕਾਰ ਵਿੱਚ ਨਿਯੁਕਤ ਸਰਕਾਰੀ ਕਰਮਚਾਰੀਆਂ ਤੇ ਪੰਜਾਬ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-2 ਦਾ ਭਾਗ-1 (ਪੈਨਸ਼ਨਜ਼) ਲਾਗੂ ਨਹੀਂ ਹੋਵੇਗਾ । ਇਹਨਾਂ ਕਰਮਚਾਰੀਆਂ ਲਈ ਪੰਜਾਬ ਸਰਕਾਰ ਦੇ ਆਪਣੇ ਪੱਤਰ ਨੰ:3/72/2003-3ਵਿਪਪਤ/7280, ਮਿਤੀ 12.12.2006 ਰਾਹੀਂ ਨਵੀਂ ਪੁਨਰਗਠਿਤ ਪ੍ਰਭਾਸ਼ਿਤ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕੀਤੀ ਹੈ । ਹੁਣ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਪੰਜਾਬ ਰਾਜ ਦੇ ਸਾਰੇ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਵਿੱਚ ਵੀ ਮਿਤੀ 01.01.2004 ਜਾਂ ਇਸ ਤੋਂ ਬਾਅਦ ਨਿਯੁਕਤ ਰੈਗੂਲਰ ਤੌਰ ਤੇ ਭਰਤੀ ਕੀਤੇ ਗਏ ਕਰਮਚਾਰੀਆਂ ਤੇ ਨਵੀਂ ਪੁਨਰਗਠਿਤ ਪ੍ਰਭਾਸ਼ਿਤ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਜਮੀ ਤੌਰ ਤੇ ਲਾਗੂ ਕੀਤੀ ਜਾਵੇਗੀ । ਇਹ ਸਕੀਮ ਡੇਅਲੀ ਵੇਜਿਜ, ਵਰਕਚਾਰਜ ਅਤੇ ਠੇਕੇ ਤੇ ਨਿਯੁਕਤ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗੀ ।

2. ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸੰਯੁਕਤ ਡਾਇਰੈਕਟਰ (ਵਿ ਤੇ ਲੇ), ਡਾਇਰੈਕਟੋਰੇਟ ਆਫ ਪਬਲਿਕ ਇੰਟਰਪ੍ਰਾਇਜ਼ਿਜ਼ ਅਤੇ ਡਿਸਇਨਵੈਸਟਮੈਂਟ ਇਸ ਸਕੀਮ ਨੂੰ ਪੰਜਾਬ

ਰਾਜ ਦੇ ਸਾਰੇ ਜਨਤਕ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਤੇ ਲਾਗੂ ਕਰਵਾਉਣ ਲਈ ਨੋਡਲ ਅਫਸਰ ਹੋਣਗੇ ।

3. ਇਹਨਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਤੁਰੰਤ ਯੋਗ ਕਾਰਵਾਈ ਕੀਤੀ ਜਾਵੇ ।

ਵਿਸਵਾਸਪਾਤਰ

(ਊਸਾ ਸਹਿਗਲ)
ਸੰਯੁਕਤ ਸਕੱਤਰ ਵਿੱਤ

ਇਸਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸਨਰ,ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸਨਰ, ਪੰਜਾਬ, ਪੰਜਾਬ ਭਵਨ,ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਸੁਪਰਡੰਟ

ਸੇਵਾ ਵਿਖੇ,

1. ਮੁੱਖ ਸਕੱਤਰ, ਪੰਜਾਬ ਸਰਕਾਰ ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ।
3. ਸਥਾਨਕ ਵਿੱਤੀ ਕਮਿਸਨਰ,ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਅੰ.ਵਿ.ਪੱ.ਨੰ:5/44/2012-5ਵਿਪਪਤ/ 759 ਮਿਤੀ, ਚੰਡੀਗੜ੍ਹ: 9/7/12
ਪਿੱਠ ਅੰਕਣ ਨੰ:5/44/2012-5ਵਿਪਪੜ/760 ਮਿਤੀ, ਚੰਡੀਗੜ੍ਹ: 9/7/12

ਇਸਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ, ਪੰਜਾਬ (ਆਡਿਟ), ਚੰਡੀਗੜ੍ਹ ।
2. ਮਹਾਂਲੇਖਾਕਾਰ, ਪੰਜਾਬ (ਹੱਕਦਾਰੀ), ਚੰਡੀਗੜ੍ਹ ।

ਸੁਪਰਡੰਟ

ਪਿੱਠ ਅੰਕਣ ਨੰ:5/44/2012-5ਵਿਪਪਤ/ 761 ਮਿਤੀ, ਚੰਡੀਗੜ੍ਹ: 9/7/12

ਇਸ ਦਾ ਇੱਕ ਉਤਾਰਾ ਸੰਯੁਕਤ ਕੰਟਰੋਲਰ (ਵਿ ਤੇ ਲੇ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਸਕੀਮ ਨੂੰ ਲਾਗੂ ਕਰਵਾਉਣ ਸਬੰਧੀ ਠੋਸ ਉਪਰਾਲੇ ਆਪਣੇ ਪੱਧਰ ਤੇ ਕੀਤੇ ਜਾਣ । ਇਸ ਸਕੀਮ ਸਬੰਧੀ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਨੂੰ ਜਾਣਕਾਰੀ ਦੇਣ ਲਈ ਜੇਕਰ ਕਿਸੇ ਸੈਮੀਨਾਰ ਆਦਿ ਦੀ ਲੋੜ ਪੈਂਦੀ ਹੈ ਤਾਂ ਇਸ ਸਬੰਧੀ ਡਾਇਰੈਕਟਰ, ਪੈਨਸਨ, ਪ੍ਰਮੁੱਖ ਲੇਖਾ ਦਫਤਰ, ਫੋਰੈਸਟ ਕੰਪਲੈਕਸ, ਮੋਹਾਲੀ ਦੀ ਸਹਾਇਤਾ ਲਈ ਜਾ ਸਕਦੀ ਹੈ ।

ਸੁਪਰਡੰਟ

ਪਿੱਠ ਅੰਕਣ ਨੰ:5/44/2012-5ਵਿਪਪਤ/762 ਮਿਤੀ, ਚੰਡੀਗੜ੍ਹ: 9/7/12

ਇਸਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਸਕੱਤਰ, ਹਿਮਾਚਲ ਪ੍ਰਦੇਸ਼ ਸਰਕਾਰ, ਵਿੱਤ ਵਿਭਾਗ, ਸ਼ਿਮਲਾ ।
2. ਵਿੱਤ ਵਿਭਾਗ, ਚੰਡੀਗੜ੍ਹ ਪ੍ਰਸ਼ਾਸ਼ਨ, ਚੰਡੀਗੜ੍ਹ ।
3. ਰਾਜ ਦੇ ਸਾਰੇ ਖਜ਼ਾਨਾਂ ਅਫਸਰ/ਜਿਲ੍ਹਾ ਖਜ਼ਾਨਾਂ ਅਫਸਰ ।
4. ਰਾਜ ਦੇ ਸਮੂਹ ਲੋਕ ਖੇਤਰੀ ਅਦਾਰੇ/ਖੁਦ ਮੁਖਤਿਆਰ ਅਦਾਰੇ ।
5. ਸੰਯੁਕਤ ਸਕੱਤਰ, ਭਾਰਤ ਸਰਕਾਰ, ਮਨਿਸਟਰੀ ਆਫ ਫਾਈਨਾਸ, ਡਿਪਾਰਟਮੈਂਟ ਆਫ ਇਕਨਾਮਿਸ ਅਫੇਅਰਜ (ਈ.ਸੀ.ਬੀ. ਐਂਡ ਪੀ.ਆਰ.) ਡਵੀਜ਼ਨ, ਨਵੀਂ ਦਿੱਲੀ ।
6. ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।

ਸੁਪਰਡੰਟ

ਪਿੱਠ ਅੰਕਣ ਨੰ:5/44/2012-5ਵਿਪਪਤ/763 ਮਿਤੀ, ਚੰਡੀਗੜ੍ਹ: 9/7/12

ਇਸਦੀ ਇੱਕ ਕਾਪੀ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਸੂਚਨਾਂ ਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸੁਪਰਡੰਟ

ਪਿੱਠ ਅੰਕਣ ਨੰ:5/44/2012-5ਵਿਪਪਤ/764 ਮਿਤੀ, ਚੰਡੀਗੜ੍ਹ: 9/7/12.

ਇਸਦਾ ਉਤਾਰਾ ਹੇਠਾ ਲਿਖਿਆ ਨੂੰ ਸੂਚਨਾਂ ਤੇ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਰਜਿਸਟਰਾਰ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ ।
2. ਰਜਿਸਟਰਾਰ, ਪੰਜਾਬੀ ਯੂਨੀਵਰਸਟੀ, ਪਟਿਆਲਾ ।
3. ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ।
4. ਰਜਿਸਟਰਾਰ, ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ।
5. ਰਜਿਸਟਰਾਰ, ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸ ਯੂਨੀਵਰਸਟੀ, ਲੁਧਿਆਣਾ ।

ਸੁਪਰਡੰਟ